# 6

# ਬਪਤਿਸਮਾ ਅਤੇ ''ਜ਼ਿੰਦਗੀ ਦਾ ਨਵਾਂਪਣ''

*ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ? ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦੱਬੇ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ (ਰੋਮੀਆਂ 6:3–4)।*

ਰੋਮੀਆਂ 6:1–7 ਨੂੰ ਸਮਝਣ ਲਈ ਇਨ੍ਹਾਂ ਆਇਤਾਂ ਤਕ ਲੈ ਜਾਣ ਵਾਲੇ ਪੌਲੁਸ ਦੇ ਵਿਚਾਰਾਂ ਨੂੰ ਸਮਝਣਾ ਜ਼ਰੂਰੀ ਹੈ। 1 ਤੋਂ 3 ਅਧਿਆਇਆਂ ਵਿਚ ਪੌਲੁਸ ਮਸੀਹ ਦੇ ਬਗ਼ੈਰ ਗ਼ੈਰ ਯਹੂਦੀ ਅਤੇ ਯਹੂਦੀਆਂ ਦੀ ਹਾਲਤ ਤੇ ਚਰਚਾ ਕਰ ਰਿਹਾ ਸੀ।

ਗ਼ੈਰ ਯਹੂਦੀ ਲੋਕ ਹਰ ਕਿਸਮ ਦੇ ਪਾਪੀ ਜੀਵਨ ਵਿਚ ਲੱਗੇ ਹੋਏ ਸਨ, ਜੋ ਯਹੂਦੀਆਂ ਦੇ ਨਜ਼ਰੀਏ ਤੋਂ ਬਹੁਤ ਹੀ ਘਿਰਣਾ ਯੋਗ ਸਨ। ਉਹ ਮੂਰਤੀਪੂਜਕ, ਨਜਾਇਜ਼ ਜਿਸਮਾਨੀ ਰਿਸ਼ਤੇ ਰੱਖਣ ਵਾਲੇ ਅਤੇ ਅਧਰਮੀ ਲੋਕ ਸਨ (1:24–32)।

ਯਹੂਦੀਆਂ ਦੀ ਹਾਲਤ ਵੀ ਉਨ੍ਹਾਂ ਨਾਲੋਂ ਬੇਹਤਰ ਨਹੀਂ ਸੀ, ਕਿਉਂਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਵੀ ਕੁਝ ਅਜਿਹਾ ਹੀ ਸੀ (2:1)। ਆਪਣੀ ਰੂਹਾਨੀ ਭਲਿਆਈ ਲਈ, ਉਹ ਇਹ ਮਾਣ ਕਰ ਸਕਦੇ ਸਨ ਕਿ ਉਨ੍ਹਾਂ ਦੇ ਕੋਲ ਸ਼ਰ੍ਹਾ ਹੈ ਅਤੇ ਉਨ੍ਹਾਂ ਦਾ ਸੁੰਨਤ ਹੋਈ ਸੀ (2:17, 25)। ਉਨ੍ਹਾਂ ਦੀ ਜ਼ਿੰਦਗੀ ਸ਼ਰ੍ਹਾ ਦੇ ਮਾਪਦੰਡ ਜਾਂ ਸੁੰਨਤ ਦੇ ਅਰਥ ਅਨੁਸਾਰ ਨਹੀਂ ਸੀ। ਗ਼ੈਰ ਯਹੂਦੀਆਂ ਵਾਂਗ ਹੀ ਉਹ ਵੀ ਪਾਪੀ ਸਨ (3:9, 10, 23)।

ਉਨ੍ਹਾਂ ਦੇ ਕੰਮਾਂ ਕਰਕੇ ਉਨ੍ਹਾਂ ਦਾ ਛੁਟਕਾਰਾ ਹੋਣ ਦੀ ਬਜਾਇ ਉਨ੍ਹਾਂ ਤੇ ਦੋਸ਼ ਹੀ ਲਗਦਾ ਸੀ (2:5–13)। ਨਾ ਤਾਂ ਗ਼ੈਰ ਯਹੂਦੀ ਅਤੇ ਨਾ ਹੀ ਯਹੂਦੀ ਆਪਣੇ ਕੰਮਾਂ ਨਾਲ ਛੁਟਕਾਰਾ ਪਾ ਸਕਦੇ ਸਨ, ਕਿਉਂਕਿ ਉਹ ਸਭ ਪਾਪੀ ਹੀ ਸਨ (3:9,10, 23) ਅਤੇ ਉਨ੍ਹਾਂ ਦੇ ਕੰਮ ਉਨ੍ਹਾਂ ਨੂੰ ਸਿੱਧ ਨਹੀਂ ਬਣਾ ਸਕਦੇ ਸਨ। ਆਪਣੇ ਕੰਮਾਂ ਤੇ ਭਰੋਸਾ ਰੱਖਣ ਦੀ ਬਜਾਇ (4:1–8), ਜਿਨ੍ਹਾਂ ਵਿਚ ਬੁਰੇ ਕੰਮਾਂ ਨਾਲ ਰੁਕਾਵਟ ਪੈਂਦੀ ਸੀ, ਉਨ੍ਹਾਂ ਲਈ ਯਿਸੂ ਵਿਚ ਵਿਸ਼ਵਾਸ ਰੱਖਣਾ ਜ਼ਰੂਰੀ ਸੀ, ਜਿਸ ਨੇ ਉਨ੍ਹਾਂ ਦੀ ਮੁਕਤੀ ਲਈ ਖ਼ੁਦਾ ਦੀ ਕਿਰਪਾ ਨੂੰ ਸੰਭਵ ਬਣਾਇਆ ਸੀ (5:1, 2)।

ਇਹ ਕਿਰਪਾ ਸ਼ਰ੍ਹਾ ਤੋਂ ਨਹੀਂ ਮਿਲਦੀ ਸੀ ਸਗੋਂ ਇਸਦੇ ਉਲਟ ਇਹ ਇਸ ਨੂੰ ਮੰਨਣ ਵਾਲਿਆਂ ਨੂੰ ਪਾਪ ਵਿਚ ਹੀ ਰਹਿਣ ਦਿੰਦੀ ਸੀ (3:20; 5:20, 21)। ਗ਼ੈਰ ਯਹੂਦੀਆਂ ਦੀ ਹਾਲਤ ਕੋਈ ਚੰਗੀ ਨਹੀਂ ਸੀ, ਕਿਉਂਕਿ ਉਹ ਇਸ ਤੱਥ ਦੇ ਕਾਰਣ ਪਾਪੀ ਸਨ ਕਿ ਉਨ੍ਹਾਂ ਨੇ ਮਨੁੱਖੀ ਪਰਖ ਅਤੇ ਤਜੁਰਬੇ ਨਾਲ ਪਾਈ ਖ਼ੁਦਾ ਦੀ ਇੱਛਿਆ ਦੇ ਗਿਆਨ ਦਾ ਉਲੰਘਣ ਕੀਤਾ ਸੀ (1:21; 2:14, 15)। ਯਹੂਦੀ ਅਤੇ ਗ਼ੈਰ ਯਹੂਦੀ ਦੋਵੇਂ ਹੀ ਅਧਰਮੀ ਸਨ, ਕਿਉਂਕਿ ਦੋਹਾਂ ਨੇ ਹੀ ਉਸ ਮਾਪਦੰਡ ਨੂੰ ਤੋੜਿਆ ਸੀ ਜਿਸ ਵਿਚ ਉਹ ਰਹਿ ਰਹੇ ਸਨ। ਮਾਫ਼ੀ ਨੂੰ ਸੰਭਵ ਬਣਾਉਣ ਲਈ ਖ਼ੁਦਾ ਨੇ ਉਨ੍ਹਾਂ ਦੇ ਪਾਪਾਂ ਅਤੇ ਔਗੁਣਾਂ ਨੂੰ ਢੱਕਣ ਲਈ, ਧਾਰਮਿਕਤਾ ਅਤੇ

ਮਾਫ਼ੀ ਲਿਆਉਣ ਲਈ ਯਿਸੂ ਦੇ ਰਾਹੀਂ ਕਿਰਪਾ ਦਿੱਤੀ (5:20, 21)।

## ''ਭਲਾ ਪਾਪ ਕਰਦੇ ਰਹੀਏ ਕਿ ਕਿਰਪਾ ਬਹੁਤ ਹੋਵੇ?'' (6:1)

ਮਾਫ਼ੀ ਪਾਏ ਕਈਆਂ ਦੇ ਦਿਮਾਗ਼ ਵਿਚ ਇਹ ਸਵਾਲ ਉੱਠਿਆ ਹੋਵੇਗਾ: ''ਕੀ ਅਸੀਂ ਪਾਪ ਕਰਦੇ ਰਹੀਏ ਕਿ ਕਿਰਪਾ ਬਹੁਤ ਹੋਵੇ?'' (ਰੋਮੀਆਂ 6:1ਅ)। ਇਸਦੀ ਤੁਲਨਾ ਇਕ ਜਵਾਨ ਲਾੜੀ ਨਾਲ ਕੀਤੀ ਜਾ ਸਕਦੀ ਹੈ, ਜਿਸਦੇ ਅਮੀਰ ਚਾਚੇ ਨੇ ਆਖਿਆ ਕਿ ਜੇ ਉਸ ਨੂੰ ਅਤੇ ਉਸਦੇ ਪਤੀ ਨੂੰ ਕਿਸੇ ਤਰ੍ਹਾਂ ਦੀ ਕੋਈ ਮਾਲੀ ਤੰਗੀ ਆਉਂਦੀ ਹੈ ਤਾਂ ਉਹ ਉਨ੍ਹਾਂ ਦਾ ਕਰਜ਼ਾ ਲਾਹ ਦਏਗਾ। ਉਹ ਆਪਣੇ ਪਤਨੀ ਨਾਲ ਗੱਲ ਕਰਦੀ ਹੈ ਅਤੇ ਨਤੀਜਾ ਕੱਢਦੀ ਹੈ ਕਿ ਉਹ ਪੈਸਿਆਂ ਦੀ ਫ਼ਿਕਰ ਨਾ ਕਰਨ, ਸਗੋਂ ਅਜਿਹੀਆਂ ਚੀਜ਼ਾਂ ਖ਼ਰੀਦ ਲੈਣ ਜੋ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋਣ, ਜਿਵੇਂ ਇਕ ਮਹਿੰਗੀ ਕਾਰ, ਨਵਾਂ ਘਰ, ਮਹਿੰਗੇ ਕੱਪੜੇ ਅਤੇ ਗਹਿਣੇ ਆਦਿ। ਤਾਂ ਵੀ ਉਹ ਬਹੁਤ ਸਾਰੀਆਂ ਚੀਜ਼ਾਂ ਉਧਾਰ ਲੈ ਕੇ ਆਪਣੇ ਦੌਲਤਮੰਦ ਚਾਚੇ ਵੱਲੋਂ ਕਰਜ਼ੇ ਦੀ ਅਦਾਇਗੀ ਕੀਤੇ ਜਾਣ ਕਰਕੇ ਚਾਚੇ ਦੀ ਮਹਾਨਤਾ ਅਤੇ ਦਿਆਲਗੀ ਦਾ ਨਜਾਇਜ਼ ਫ਼ਾਇਦਾ ਚੁੱਕਦੇ ਹਨ।

ਇਸੇ ਤਰ੍ਹਾਂ, ਖ਼ੁਦਾ ਨੇ ਵਾਅਦਾ ਕੀਤਾ ਹੈ ਕਿ ਉਸਦੀ ਕਿਰਪਾ ਨਾਲ ਸਾਡੇ ਪਾਪ ਢੱਕ ਦਿੱਤੇ ਜਾਣਗੇ, ਪਰ ਇਸ ਵਿਚ ਉਸਦਾ ਮਕਸਦ ਸਾਨੂੰ ਪਾਪ ਭਰੀ ਜ਼ਿੰਦਗੀ ਜੀਣ ਲਈ ਉਤਸ਼ਾਹਿਤ ਕਰਨਾ ਨਹੀਂ ਹੈ। ਕਿਰਪਾ ਦਾ ਇਹ ਮਕਸਦ ਨਹੀਂ ਹੈ। ਪੌਲੁਸ ਨੇ ਸਿਖਾਇਆ ਕਿ ਬਪਤਿਸਮੇ ਵਿਚ ਇਕ ਸਹੀ ਰੂਹਾਨੀ ਹਿੱਸੇਦਾਰੀ ਨਾਲ ਇਕ ਨਵਾਂ ਸੁਭਾਅ ਬਣਨਾ ਚਾਹੀਦਾ ਹੈ। ਮਸੀਹੀ ਵਿਅਕਤੀ ਨੂੰ ਯਿਸੂ ਵਿਚ ਨਵੀਂ ਜ਼ਿੰਦਗੀ ਜੀਣਾ ਜ਼ਰੂਰੀ ਹੈ ਯਾਨੀ ਕਿਰਪਾ ਤੇ ਨਿਰਭਰ ਹੋਣ ਦੇ ਕਾਰਣ ਉਹ ਪਾਪ ਵਿਚ ਲੱਗਾ ਨਹੀਂ ਰਹਿੰਦਾ।

## ''ਉਸ ਦੀ ਮੌਤ ਵਿਚ ਬਪਤਿਸਮਾ'' (6:3, 4)

### ਬਪਤਿਸਮਾ ਅਤੇ ਨਵਾਂ ਜੀਵਨ

ਕੁਝ ਲੋਕਾਂ ਨੂੰ ਇਹ ਅਜੀਬ ਲਗ ਸਕਦਾ ਹੈ ਕਿ ਪੌਲੁਸ ਨੇ ਕਿਰਪਾ ਦੇ ਅਪਮਾਨ ਦੇ ਵਿਰੁੱਧ ਆਪਣੀ ਗੱਲ ਕਰਨ ਦੇ ਅਧਾਰ ਲਈ ਬਪਤਿਸਮੇ ਨੂੰ ਚੁਣਿਆ (ਰੋਮੀਆਂ 6:1–7) ਜੇ ਬਪਤਿਸਮਾ ਰੂਹਾਨੀ ਸੰਬੰਧਾਂ ਦੇ ਬਗ਼ੈਰ ਸਿਰਫ ਇਕ ਕਰਮਕਾਂਡ ਹੀ ਹੁੰਦਾ ਤਾਂ ਪਾਪ ਭਰੇ ਜੀਵਨ ਨੂੰ ਖ਼ਤਮ ਹੋਣ ਦੇ ਲਈ ਬਪਤਿਸਮੇ ਨਾਲ ਕੋਈ ਤਰਕ ਨਹੀਂ ਕੱਢਿਆ ਜਾ ਸਕਦਾ ਸੀ। ਪਰ ਜੇ ਬਪਤਿਸਮੇ ਨਾਲ ਇਕ ਰੂਹਾਨੀ ਯਾਨੀ ਜ਼ਿੰਦਗੀ ਬਦਲਣ ਵਾਲਾ ਅਹਿਸਾਸ ਮਿਲਦਾ ਹੈ ਖ਼ੁਦਾ ਦੇ ਹੁਕਮਾਂ ਦੀ ਪਾਲਣਾ ਦੇ ਸਰੀਰਕ ਕੰਮਾਂ ਤੋਂ ਵਧ ਕੇ ਹੈ, ਤਾਂ ਪੌਲੁਸ ਦਾ ਨਰਕ ਮੰਨਣ ਦੇ ਕਾਬਲ ਹੈ ਕਿ ਬਪਤਿਸਮੇ ਦੇ ਬਾਅਦ ਤਰਕ ਮੰਨਣ ਦੇ ਕਾਬਲ ਹੈ ਕਿ ਬਪਤਿਸਮੇ ਦੇ ਬਾਅਦ ਨਵਾਂ ਜਨਮ ਹੁੰਦਾ ਹੈ।

ਯਿਸੂ ਦੀ ਮੌਤ ਵਿਚ ਬਪਤਿਸਮਾ ਲੈ ਕੇ ਸਾਡਾ ਰਿਸ਼ਤਾ ਯਿਸੂ ਦੇ ਨਾਲ ਬਣ ਜਾਂਦਾ ਹੈ (ਰੋਮੀਆਂ 6:3) ਸਲੀਬ ਤੇ ਆਪਣੀ ਮੌਤ ਦੇ ਦੁਆਰਾ ਯਿਸੂ ਨੇ ਆਪਣੀ ਜਿਸਮਾਨੀ ਜਾਨ ਦੇ ਦਿੱਤੀ ਪਰ ਉਹ ਤਾਂ ਸਿਰਫ਼ ਜਿਸਮਾਨੀ ਜ਼ਿੰਦਗੀ ਵਿਚ ਨਵੇਂ ਸਿਰੇ ਤੋਂ ਦਾਖ਼ਲ ਹੋਣ ਦੇ ਲਈ ਹੀ। ਰੂਹਾਨੀ ਮਤਲਬ ਵਿਚ ਬਪਤਿਸਮਾ ਉਹ ਵੇਲਾ ਅਤੇ ਕੰਮ ਹੋਣਾ ਚਾਹੀਦਾ ਹੈ ਜਿਸ ਵਿਚ ਸਾਡੇ ਬੀਤੇ ਹੋਏ ਪਾਪ ਭਰੇ ਜੀਵਨ ਦਾ ਅੰਤ ਹੋਵੇ ਤੇ ਨਵੇਂ ਰੂਹਾਨੀ ਜੀਵਨ ਦਾ ਅਰੰਭ ਹੋਵੇ।

ਪੌਲੁਸ ਦਾ ਮਕਸਦ ਇਹ ਹੈ ਕਿ ਇਕ ਪਾਪੀ ਇਨਸਾਨ ਦੇ ਰੂਪ ਵਿਚ ਪਾਣੀ ਵਿਚ ਸਰੀਰਕ ਰੂਪ ਨਾਲ ਦਾਖ਼ਲ ਹੋਣ ਅਤੇ ਉਸੇ ਪਾਪ ਭਰੇ ਹਾਲਾਤ ਵਿਚ ਬਾਹਰ ਆਉਣ ਦੀ ਬਜਾਇ, ਸਾਨੂੰ ਪੁਰਾਣੇ ਜੀਵਨ ਵਿਚ ਦਾਖ਼ਲ ਹੋਣਾ ਚਾਹੀਦਾ ਹੈ ਕਿਉਂਕਿ ਯਿਸੂ ਦੀ ਮੌਤ ਅਤੇ ਉਸ ਦੇ ਫਿਰ ਜੀ ਉੱਠਣ ਨਾਲ ਸਾਡੀ ਜ਼ਿੰਦਗੀ ਦਾ ਰਿਸ਼ਤਾ ਉਸ ਨਾਲ ਜੁੜ ਗਿਆ ਹੈ।

ਪੌਲੁਸ ਨੇ ਬਪਤਿਸਮੇ ਨੂੰ ਇਕ ਸੰਕੇਤਿਕ ਕੰਮ ਤੋਂ ਵਧੇਰੇ ਰੂਪ ਵਿਚ ਵੇਖਿਆ ਹੈ। ਡਗਲਸ ਮੂ ਨੇ ਲਿਖਿਆ ਹੈ :

> ... ਰੋਮੀਆਂ 6 ਵਿਚ (ਜਾਂ ਨਵੇਂ ਨੇਮ ਵਿਚ) ਕਿਤੇ ਵੀ ਕੋਈ ਸਬੂਤ ਨਹੀਂ ਹੈ ਕਿ ਹਕੀਕੀ ਜਿਸਮਾਨੀ ਕਿਰਿਆਵਾਂ ਯਾਨੀ ਬਪਤਿਸਮੇ ਵਿਚ ਗੋਤਾ ਅਤੇ ਫਿਰ ਬਾਹਰ ਨਿਕਲਣਾ ਸੰਕੇਤਿਕ ਮਹੱਤਤਾ ਨਾਲ ਮੇਲ ਖਾਂਦੇ ਸਨ। ਯਕੀਨਨ, ਰੋਮੀਆਂ 6 ਵਿਚ ਕੇਂਦਰ ਬਿੰਦੂ ਬਪਤਿਸਮੇ ਦੇ *ਕਰਮਕਾਂਡ* ਤੇ ਨਹੀਂ, ਬਲਕਿ ਬਪਤਿਸਮੇ ਦੀ *ਘਟਨਾ* ਹੈ।[1]

ਐਂਡਰਸ ਨਾਈਗ੍ਰੇਨ ਇਸ ਨਾਲ ਸਹਿਮਤ ਹੈ :

> ਬਪਤਿਸਮਾ ਲੈਣ ਵਾਲਾ ਪਾਣੀ ਵਿਚ ਡੁੱਬ ਜਾਂਦਾ ਹੈ, ਤਾਂ ਉਸਦਾ ਇਹ ਕੰਮ ''ਮਸੀਹ ਦੇ ਨਾਲ'' ਦਫ਼ਨ ਹੋਣ ਦਾ ਸੰਕੇਤ ਹੈ, ਅਤੇ ਜਦ ਉਹ ਪਾਣੀ ਵਿੱਚੋਂ ਬਾਹਰ ਆਉਂਦਾ ਹੈ ਤਾਂ ਉਹ ''ਮਸੀਹ ਦੇ ਨਾਲ'' ਜੀ ਉੱਠਣ ਦਾ ਸੰਕੇਤ ਹੈ। ਪਰ ਜੇ ਇਸ ਕਾਰਣ ਕੋਈ ਬਪਤਿਸਮੇ ਦੇ ਪੌਲੁਸ ਦੇ ਨਜ਼ਰੀਏ ਨੂੰ ਉਸ ਮਤਲਬ ਵਿਚ ਉਹਦਾ ਉਪਯੋਗ ਅਕਸਰ ਕੀਤਾ ਜਾਂਦਾ ਹੈ, ''ਸੰਕੇਤਕ'' ਆਖੇ ਤਾਂ ਇਹ ਪੂਰੀ ਤਰ੍ਹਾਂ ਨਾਲ ਉਸ ਦੀ ਗ਼ਲਤ ਵਿਆਖਿਆ ਹੋਵੇਗੀ। ਕਿਉਂਕਿ ਪੌਲੁਸ ਦੇ ਅਨੁਸਾਰ, ਬਪਤਿਸਮੇ ਵਿਚ ਸਾਡੇ ਸਾਹਮਣੇ ਹਕੀਕਤਾਂ ਹੁੰਦੀਆਂ ਹਨ, ਨਾ ਕਿ ਸਿਰਫ ਸੰਕੇਤਿਕ ਪ੍ਰਤਿਨਿਧਤਾ। ਜਿਸਦਾ ਸੰਕੇਤ ਬਪਤਿਸਮੇ ਵਿਚ ਮਿਲਦਾ ਹੈ, ਉਹ ਵੀ ਹਕੀਕਤ ਵਿਚ ਹੁੰਦਾ ਹੈ, ਅਤੇ ਸੰਖੇਪ ਵਿਚ ਬਪਤਿਸਮੇ ਨਾਲ।[2]

ਫਿਰ ਤਾਂ ਬਪਤਿਸਮਾ ਯਿਸੂ ਵਿਚ ਸਾਨੂੰ ਉਸਦੀ ਮੌਤ ਨਾਲ ਜੋੜਦਾ ਹੈ।

**ਨਵੇਂ ਜੀਵਨ ਦੇ ਵਿਖੇ ਤਿੰਨ ਸਵਾਲ** :

ਰੋਮੀਆਂ 6:1–3 ਪੌਲੁਸ ਨੇ ਤਿੰਨ ਅਗਾਂਹਵਧੂ ਸਵਾਲ ਪੁੱਛੇ। (1) ''ਕੀ ਅਸੀਂ ਪਾਪ ਕਰਦੇ ਰਹੀਏ, ਕਿ ਕਿਰਪਾ ਬਹੁਤ ਹੋਵੇ?'' (ਆਇਤ 1ਅ); (2) ''ਅਸੀਂ ਜਦ ਪਾਪ ਲਈ ਮਰ ਗਏ ਤਾਂ ਫਿਰ ਅੱਗੇ ਨੂੰ ਉਸ ਵਿਚ ਜੀਵਨ ਕਿਉਂ ਗੁਜ਼ਾਰੀਏ?'' (ਆਇਤ 2ਅ); ਅਤੇ (3) ''ਕੀ ਤੁਸੀਂ ਨਹੀਂ ਜਾਣਦੇ ਕਿ ਅਸੀਂ ਜਿੰਨਿਆਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ, ਤਾਂ ਉਸ ਦੀ ਮੌਤ ਦਾ ਬਪਤਿਸਮਾ ਲਿਆ?'' (ਆਇਤ 3)।

ਪੌਲੁਸ ਨੇ ਪਹਿਲੇ ਸਵਾਲ ਦਾ ਜਵਾਬ ਦਿੱਤਾ ਕਿ ''ਕਦੀ ਨਹੀਂ!'' ਇਸ ਵਾਕਅੰਸ਼ ਦੇ ਇਸਤੇਮਾਲ ਦਾ ਮਤਲਬ ਹੈ ਕਿ ਮਸੀਹੀ ਲੋਕ ਆਪਣੇ ਪਾਪਾਂ ਨੂੰ ਢੱਕਣ ਦੇ ਲਈ ਕਿਰਪਾ ਦੀ ਉਮੀਦ ਨਾਲ ਪਾਪ ਨਹੀਂ ਕਰ ਸਕਦੇ। ਪੌਲੁਸ ਦਾ ਸਵਾਲ ਸਾਹਿਤਿਕ ਸੀ ਕਿਉਂਕਿ ਉਹ ਇਹ ਸੁਝਾਅ ਨਹੀਂ ਦੇ ਰਿਹਾ ਸੀ, ਸਗੋਂ ਇਸ ਲਈ ਕਿ ਉਨ੍ਹਾਂ ਨੂੰ ਸਮਝਾਉਣ ਦੀ ਲੋੜ ਹੋਵੇਗੀ। ਉਹ

ਇਹ ਜ਼ੋਰ ਦੇ ਰਿਹਾ ਸੀ ਕਿ ਬਪਤਿਸਮੇ ਵਿਚ ਆਪਣੇ ਤਜਰਬੇ ਦੇ ਕਾਰਣ ਉਨ੍ਹਾਂ ਨੂੰ ਪਹਿਲਾਂ ਹੀ ਸਮਝ ਹੋਣੀ ਚਾਹੀਦੀ ਹੈ ਕਿ ਉਹ ਕੀ ਆਖ ਰਿਹਾ ਸੀ।

ਏਸੇ ਤਰ੍ਹਾਂ ਪੌਲੁਸ ਦਾ ਦੂਜਾ ਸਵਾਲ ਇਸਦੇ ਜਵਾਬ ਦਾ ਸੁਝਾਅ ਦਿੰਦਾ ਹੈ। ਜੇ ਅਸੀਂ ਪਾਪ ਪੱਖੋਂ ਮਰ ਗਏ ਹਾਂ ਤਾਂ ਅਸੀਂ ਇਸ ਵਿਚ ਜ਼ਿੰਦਗੀ ਨਾ ਗੁਜ਼ਾਰੀਏ।

ਤੀਸਰੇ ਸਵਾਲ ਦੇ ਜਵਾਬ ਵਿੱਚ, ਪੌਲੁਸ ਨੇ ਆਖਿਆ ਕਿ ਪਾਪ ਨਾਲ ਸਾਡੀ ਮੌਤ ਯਿਸੂ ਵਿਚ ਬਪਤਿਸਮਾ ਲੈਣ ਵੇਲੇ ਹੋਈ ਸੀ ਜਦੋਂ ਅਸੀਂ ਉਹਦੀ ਮੌਤ ਵਿਚ ਦਾਖ਼ਲ ਹੋਏ ਸੀ। ਕਿਉਂਕਿ ਅਸੀਂ ਉਸ ਮੌਤ ਤੋਂ ਜੀ ਉੱਠੇ ਹਾਂ, ਇਸ ਲਈ ਸਾਨੂੰ ਪਾਪ ਭਰੇ ਜੀਵਨ ਤੋਂ ਛੱਟਣ ਦੇ ਕਾਰਣ ਜੀਵਨ ਦੇ ਨਵੇਂਪਣ ਵਿਚ ਚੱਲਣਾ ਚਾਹੀਦਾ ਹੈ।

''ਮਰ ਗਏ'' (ਆਇਤਾਂ 2, 7, 8) ''ਮਰਿਆ'' (ਆਇਤਾਂ 11, 13); ਅਤੇ ਮੌਤ (ਆਇਤ 4) ਤੋਂ ਪੌਲੁਸ ਦੇ ਕਹਿਣ ਦਾ ਭਾਵ ਇਹ ਸੀ ਕਿ ਇਸ ਦਾ ਨਤੀਜਾ ਸਾਡੇ ਪਾਪ ਭਰੇ ਅਤੀਤ ਨੂੰ ਛੱਡਣਾ ਹੋਣਾ ਚਾਹੀਦਾ ਹੈ। ''ਦੇ ਲਈ ਮਰੇ ਹੋਏ'' ''ਦੇ ਲਈ ਮਰ ਗਿਆ'', ਅਤੇ ''ਦੀ ਵੱਲੋਂ ਮਰ ਗਏ'' ਤੋਂ ਉਹ ਇਸ ਧਾਰਣਾ ਦਾ ਬਿਆਨ ਕਰ ਰਿਹਾ ਸੀ ਕਿ ਪਾਪ ਦੀ ਉਹ ਸਮਰੱਥਾ ਜੋ ਪਹਿਲਾਂ ਸਾਡੇ ਤੇ ਕਾਬਿਜ਼ ਸੀ (ਰੋਮੀਆਂ 7:4; ਗਲਾਤੀਆਂ 2:19; ਕੁਲੁੱਸੀਆਂ 2:20; 3:3–5; 1 ਪਤਰਸ 2:24) ਖ਼ਤਮ ਹੋ ਜਾਣੀ ਚਾਹੀਦੀ ਹੈ। ਪੌਲੁਸ ਨੇ ਆਇਤ 2 ਵਿਚ ਲਿਖਿਆ ਕਿ ਅਸੀਂ ''ਪਾਪ ਦੇ ਲਈ ਮਰ ਗਏ।'' ''ਇਹ ਕਦੋਂ ਅਤੇ ਕਿਵੇਂ ਹੋ ਗਿਆ? ਰਸੂਲ ਦੇ ਅਨੁਸਾਰ ਇਹ ਬਪਤਿਸਮੇ ਵਿਚ ਅਤੇ ਬਪਤਿਸਮੇ ਦੇ ਦੁਆਰਾ ਹੋਇਆ।''[3]

ਪਾਪ ਤੋਂ ਮੌਤ ਦਾ ਸਾਡਾ ਉਦੇਸ਼ ਪਾਪ ਭਰੇ ਜੀਵਨ ਦਾ ਅੰਤ ਅਤੇ ਨਵੇਂ ਜੀਵਨ ਯਾਨੀ ਧਾਰਮਿਕਤਾ ਦਾ ਜੀਵਨ ਸ਼ੁਰੂ ਕਰਨਾ ਹੈ (ਰੋਮੀਆਂ 6:4)। ਬਪਤਿਸਮਾ ਲੈਣ ਵਾਲੇ ਤੇ ਅਸੀਂ ਆਤਮਿਕ ਅਰਥਾਂ ਵਿਚ ਯਿਸੂ ਦੀ ਮੌਤ ਅਤੇ ਉਸਦੇ ਜੀ ਉੱਠਣ ਦੀ ਸਮਾਨਤਾ ਵਿਚ ਆਉਂਦੇ ਹਾਂ। ਬਪਤਿਸਮੇ ਦੁਆਰਾ ਸਾਨੂੰ ਰੂਹਾਨੀ ਨਵੇਂਪਣ ਵਿਚ ਦਾਖ਼ਲ ਹੋਣਾ ਚਾਹੀਦਾ ਹੈ, ਜਿਵੇਂ ਯਿਸੂ ਨੇ ਵੀ ਆਪਣੇ ਜੀ ਉੱਠਣ ਦੁਆਰਾ ਇਕ ਜਿਸਮਾਨੀ ਨਵੇਂਪਣ ਵਿਚ ਪਰਵੇਸ਼ ਕੀਤਾ ਸੀ (ਰੋਮੀਆਂ 6:5)।

ਇਹ ਤਬਦੀਲੀ ਇਸ ਲਈ ਆਉਂਦੀ ਹੈ ਕਿਉਂਕਿ ਬਪਤਿਸਮੇ ਵਿਚ ''ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ'' (ਰੋਮੀਆਂ 6:6)। ਪੌਲੁਸ ਇਹ ਸੁਝਾਅ ਨਹੀਂ ਦੇ ਰਿਹਾ ਸੀ ਕਿ ਪੁਰਾਣੇ ਸੁਭਾਅ ਦਾ ਕੇਵਲ ਇਕ ਹੀ ਹਿੱਸਾ ਖ਼ਤਮ ਹੋਵੇ, ਸਗੋਂ ਉਹ ਆਖ ਰਿਹਾ ਸੀ ਕਿ ਪੁਰਾਣੀ ਮਨੁੱਖਤਾ ਨੂੰ ਯਿਸੂ ਦੇ ਨਾਲ ਸਲੀਬ ਤੇ ਚੜ੍ਹਾ ਦੇਣਾ ਚਾਹੀਦਾ ਹੈ। ਉਸਦੇ ਨਤੀਜੇ ਵਜੋਂ ਇਹ ਹੋਣਾ ਚਾਹੀਦਾ ਹੈ ਕਿ ਅਸੀਂ ''ਪਾਪ ਤੋਂ ਛੁੱਟ ਗਏ'' ਹਾਂ (ਰੋਮੀਆਂ 6:7)। ਪਾਪ ਤੋਂ ਮਰ ਕੇ, ਅਸੀਂ ਪਾਪ ਦੀ ਗੁਲਾਮੀ, ਪਾਪ ਦੇ ਅਧਿਕਾਰ, ਅਤੇ ਪਾਪ ਕਰਨ ਤੋਂ ਛੁੱਟ ਜਾਂਦੇ ਹਾਂ। ਇਹ ਸਭ ਯਿਸੂ ਦੇ ਨਾਲ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਉਸਦੀ ਰੂਹਾਨੀ ਹਿੱਸੇਦਾਰੀ ਦੇ ਕਾਰਣ ਹੋਣਾ ਚਾਹੀਦਾ ਹੈ।

ਪਾਪ ਲਈ ਮਰਨਾ ਅਤੇ ਧਾਰਮਿਕਤਾ ਲਈ ਜੀ ਉੱਠਣਾ ਬਪਤਿਸਮਾ ਲੈ ਲੈਣ ਨਾਲ ਹੀ ਨਹੀਂ ਹੁੰਦਾ, ਸਗੋਂ ਇਸਦੇ ਨਾਲ ਦਿਲੋਂ ਕਬੂਲ ਕਰਨਾ ਵੀ ਜੁੜਿਆ ਹੈ। ''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੱਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ

ਬਣ ਗਏ'' (ਰੋਮੀਆਂ 6:17,18)।

## ਅੱਗੇ ਨੂੰ ਪਾਪ ਦੀ ਗੁਲਾਮੀ ਵਿਚ ਨਾ ਰਹੀਏ (6:6, 7)

ਪੌਲੁਸ ਮੁਆਫ਼ ਹੋਣ ਦੇ ਮਤਲਬ ਵਿਚ ਪਾਪ ਤੋਂ ਛੁਟਕਾਰੇ ਦੀ ਗੱਲ ਨਹੀਂ ਕਰ ਰਿਹਾ ਸੀ, ਜਦਕਿ ਇਹ ਬਪਤਿਸਮੇ ਨਾਲ ਜੁੜੀਆਂ ਅਸੀਸਾਂ ਵਿੱਚੋਂ ਇਕ ਹੈ (ਰਸੂਲਾਂ ਦੇ ਕੰਮ 2:38; 22:16)। ਰੋਮੀਆਂ 6:1–4 ਵਿਚ ਉਸਦਾ ਉਦੇਸ਼ ਇਹ ਦੱਸਣਾ ਸੀ ਕਿ ਅਸੀਂ ਪਾਪ ਦੇ ਬੰਧਨ ਤੇ ਗੁਲਾਮੀ ਤੋਂ ਛੁੱਟ ਗਏ ਹਾਂ, ਇਸ ਲਈ ਸਾਨੂੰ ਮਾਫ਼ੀ ਦੇ ਲਈ ਖ਼ੁਦਾ ਦੇ ਫ਼ਜ਼ਲ ਤੇ ਨਿਰਭਰ ਰਹਿ ਕੇ ਪਾਪ ਵਿਚ ਨਹੀਂ ਲੱਗੇ ਰਹਿਣਾ ਚਾਹੀਦਾ। ਉਸ ਨੇ ਇਹ ਨਹੀਂ ਆਖਿਆ ਕਿ ਮਸੀਹੀ ਲੋਕਾਂ ਦੇ ਲਈ ਪਾਪ ਵਿਚ ਜ਼ਿੰਦਗੀ ਗੁਜ਼ਾਰਨਾ ਸੰਭਵ ਨਹੀਂ ਹੈ ਸਗੋਂ ਉਸਨੇ ਇਹ ਆਖਿਆ ਕਿ ਪਾਪ ਕਰਨਾ ਸਾਡੇ ਨਵੇਂ ਜੀਵਨ ਤੇ ਪਾਪ ਤੋਂ ਸਾਡੀ ਆਜ਼ਾਦੀ ਦੇ ਉਲਟ ਹੈ। ਸਾਨੂੰ ਨਵੀਂ ਜ਼ਿੰਦਗੀ ਇਸ ਲਈ ਗੁਜ਼ਾਰਨੀ ਚਾਹੀਦੀ ਹੈ ਕਿਉਂਕਿ ਅਸੀਂ ਪਾਪ ਦੇ ਨਮਿੱਤ ਯਿਸੂ ਦੀ ਮੌਤ ਵਿਚ ਦਾਖ਼ਲ ਹੋ ਕੇ ਬਪਤਿਸਮੇ ਦੇ ਦੁਆਰਾ ਨਵੇਂ ਜੀਵਨ ਵਿਚ ਦਾਖ਼ਲ ਹੋ ਗਏ ਹਾਂ। ਪੁਰਾਣੇ ਚਾਲ–ਚੱਲਨ ਨੂੰ ਸਲੀਬ ਤੇ ਚੜ੍ਹਾ ਦੇਣਾ ਚਾਹੀਦਾ ਹੈ; ਪਾਪ ਸਰੀਰ ਨੂੰ ਮਿਟਾ ਕੇ ਸਾਨੂੰ ਪਾਪ ਦੀ ਸੇਵਾ ਵਿਚ ਨਹੀਂ ਲੱਗੇ ਰਹਿਣਾ ਚਾਹੀਦਾ (ਰੋਮੀਆਂ 6:6)।

ਇਸ ਕਾਰਣ ਆਪਣੇ ਆਪ ਨੂੰ ''ਪਾਪ ਦੇ ਲਈ ਤਾਂ ਮਰਿਆ ਪਰੰਤੂ ਖ਼ੁਦਾ ਦੇ ਲਈ ਯਿਸੂ ਵਿਚ ਜੀਵਨ'' (ਰੋਮੀਆਂ 6:11) ਸਮਝਣਾ ਚਾਹੀਦਾ ਹੈ। ਸਾਨੂੰ ਪਾਪ ਨੂੰ ਆਪਣੇ ਸਰੀਰ ਦੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ, ਜਿਸ ਨਾਲ ਅਸੀਂ ਪਾਪ ਦੀ ਮੰਨ ਕੇ ਉਸਦੇ ਗੁਲਾਮ ਬਣ ਜਾਈਏ (ਰੋਮੀਆਂ 6:12)।

ਜੇ ਅਸੀਂ ਪਾਪ ਵਿਚ ਜ਼ਿੰਦਗੀ ਗੁਜ਼ਾਰਦੇ ਹਾਂ ਤਾਂ ਪਾਪ ਦੇ ਗੁਲਾਮ ਬਣ ਜਾਂਦੇ ਹਾਂ (ਰੋਮੀਆਂ 6:16)। ਸਾਨੂੰ ਧਾਰਮਿਕਤਾ ਦੇ ਦਾਸ ਬਣਨਾ ਚਾਹੀਦਾ ਹੈ ਕਿਉਂਕਿ ਸਾਨੂੰ ਪਾਪ ਤੋਂ ਅਤੇ ਪਾਪ ਦੀ ਗੁਲਾਮੀ ਤੋਂ ਛੁਡਾਇਆ ਗਿਆ ਹੈ (ਰੋਮੀਆਂ 6:13, 16, 19, 22)। ਇਹ ਤੱਥ ਕਿ ਅਸੀਂ ਕਿਰਪਾ ਦੇ ਮਾਫ਼ ਕਰਨ ਵਾਲੇ ਫ਼ਾਇਦਿਆਂ ਦੇ ਅਧੀਨ ਹਾਂ, ਸ਼ਰ੍ਹਾ ਦੇ ਨਹੀਂ (ਰੋਮੀਆਂ 6:15) ਸਾਨੂੰ ਪਾਪ ਤੋਂ ਅਜ਼ਾਦ ਕਰਦਾ ਹੈ, ਪਾਪ ਕਰਨ ਲਈ ਨਹੀਂ। ਪਾਪ ਗੁਲਾਮ ਬਣਾਉਂਦਾ ਹੈ, ਅਜ਼ਾਦੀ ਨਹੀਂ ਦਿੰਦਾ (ਯੂਹੰਨਾ 8:34)। ਇਸ ਲਈ ਸਾਨੂੰ ਅੱਗੇ ਤੋਂ ਪਾਪ ਨਹੀਂ ਕਰਨਾ ਚਾਹੀਦਾ ਸਗੋਂ ਪਾਪ ਲਈ ਮਰੇ ਰਹਿ ਕੇ ਧਾਰਮਿਕਤਾ ਦੇ ਲਈ ਜ਼ਿੰਦਾ ਹੋਣਾ ਚਾਹੀਦਾ ਹੈ। ਅਸੀਂ ਪਾਪ ਤੋ ਅਜ਼ਾਦ ਹਾਂ, ਕਿਉਂਕਿ ਅਸੀਂ ਬਪਤਿਸਮੇ ਵੇਲੇ ਦਿਲੋਂ ਹੁਕਮ ਮੰਨਿਆ ਸੀ (ਰੋਮੀਆਂ 6:4–6, 17, 18)।

## ਸਾਰ

ਇਨ੍ਹਾਂ ਆਇਤਾਂ ਵਿਚ ਪੌਲੁਸ ਨੇ ਬਪਤਿਸਮੇ ਨੂੰ ਕੇਂਦਰ ਬਿੰਦੂ ਬਣਾ ਦਿੱਤਾ ਜਿਸ ਵਿਚ ਸਾਡਾ ਪੁਰਾਣਾ ਜੀਵਨ ਖ਼ਤਮ ਅਤੇ ਨਵਾਂ ਜੀਵਨ ਸ਼ੁਰੂ ਹੁੰਦਾ ਹੈ। ਇਹ ਯਿਸੂ ਦੇ ਨਾਲ ਮਨ ਤੋਂ ਦਫ਼ਨਾਏ ਜਾਣ ਅਤੇ ਜੀ ਉੱਠਣ ਦੀ ਸੰਗਤ ਦੇ ਕਾਰਣ ਹੁੰਦਾ ਹੈ। ਬਪਤਿਸਮੇ ਦਾ ਕੰਮ ਆਪਣੇ ਆਪ ਨਾਲ ਜਾਂ ਆਪਣੇ ਆਪ ਵਿਚ ਜ਼ਰੂਰੀ ਨਹੀਂ ਕਿ ਅਜਿਹਾ ਬਦਲਾਅ ਲਿਆਉਣਾ ਹੈ ਪਰ ਜਦੋਂ ਇਹ ਸਮਝਦੇ ਹੋਏ ਕਿ ਇਹ ਤਬਦੀਲੀ ਆਉਣਾ ਸਾਡੇ ਰੂਹਾਨੀ ਤੌਰ ਤੇ, ਬਪਤਿਸਮੇ ਦੇ ਕੰਮ ਨਾਲ ਯਿਸੂ ਦੇ ਦਫ਼ਨਾਏ ਜਾਣ ਅਤੇ ਜੀ ਉੱਠਣ ਵਿਚ ਹਿੱਸਾ ਲੈਣ ਨਾਲ ਸੰਭਵ ਹੈ, ਤਾਂ

ਪੁਰਾਣਾ ਜੀਵਨ ਖ਼ਤਮ ਹੋ ਕੇ ਇਕ ਨਵਾਂ ਜੀਵਨ ਸ਼ੁਰੂ ਹੋ ਜਾਏਗਾ।

ਟਿੱਪਣੀਆਂ

[1]ਡਗਲਸ ਜੇ. ਮੂ. *ਦ ਐਪਿਸਟਲ ਟੂ ਦ ਰੋਮਨਸ,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਫ਼ ਦ ਨਿਊ ਟੈਸਟਾਮੈਂਟ, ਸਧਾ. ਅੰਕ. ਨੇਡ ਬੀ. ਸਟੋਨਹਾਊਸ, ਐੱਫ਼. ਐੱਫ਼. ਬਰੂਸ, ਐਂਡ ਗੋਰਡਨ ਡੀ. ਫ਼ੀ (ਗ੍ਰੈਂਡ ਰੈਪਿਡਸ ਮਿਸ਼ੀਗਨ: ਵਿਲੀਅਮ ਬ੍ਰੋਮਿਲੇ ਈਰਡਮੈਂਸ ਪਬਲਿਸ਼ਿੰਗ ਕੰ., 1996), 362. [2]ਐਂਡਰਸ ਨਾਇਗ੍ਰੇਨ *ਕਮੈਂਟਰੀ ਆਨ ਰੋਮਨਸ,* ਅਨੁਵਾਦ ਕਾਰਲ ਸੀ. ਰਸਮੁੱਸੇਨ (ਫਿਲਾਡੈਲਫੀਆ: ਮੁਹਲੇਨਬਰਗ ਪ੍ਰੈੱਸ, 1949), 233. [3]ਉਹੀ 234.

---

## ਦਫ਼ਨਾਏ ਗਏ ਅਤੇ ਜੀ ਉੱਠੇ
## (ਰੋਮੀਆਂ 6:4)

ਬਪਤਿਸਮੇ ਵਿਚ ਯਿਸੂ ਦੇ ਨਾਲ ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਕੀ ਅਰਥ ਹਨ? ਬਪਤਿਸਮੇ ਦਾ ਕੰਮ ਉਦੋਂ ਪੂਰਾ ਹੁੰਦਾ ਹੈ ਜਦ ਅਸੀਂ ਪਾਣੀ ਦੇ ਅੰਦਰ ਦਫ਼ਨਾਏ ਜਾ ਕੇ ਪਾਣੀ ਵਿੱਚੋਂ ਬਾਹਰ ਨਿੱਕਲਦੇ ਹਾਂ। ਬਹੁਤੇ ਲੇਖਕ ਐਵਰੈੱਟ ਐਫ਼. ਹੈਰਿਸਨ ਦੀ ਇਸ ਵਿਆਖਿਆ ਨਾਲ ਸਹਿਮਤ ਹਨ ''ਸਪੱਸ਼ਟ ਹੈ [ਰੋਮੀਆਂ 6 ਵਿਚ ਪੌਲੁਸ] ਬਪਤਿਸਮੇ ਦੇ ਪਾਣੀ ਅੰਦਰ ਦੇਹੀ ਦੇ ਡੁਬੋਏ ਜਾਣ ਵਿਚ, ਭਾਵੇਂ ਪਲ ਭਰ ਲਈ ਹੈ, ਮਸੀਹ ਦੇ ਨਾਲ ਦਫ਼ਨਾਏ ਜਾਣ ਦੀ ਤਸਵੀਰ ਬਣਾਉਂਦਾ ਹੈ।''

ਟਿੱਪਣੀਆਂ

[1]ਐਵਰੈੱਟ ਫ਼ਰਗਿਊਸਨ ਹੈਰੀਸਨ, *ਦਿ ਐਕਸਪੋਜ਼ਿਟਰ'ਜ਼ ਬਾਈਬਲ ਕਮੈਂਟਰੀ,* ਜਿਲਦ 10, *ਰੋਮਨਸ–ਗਲੇਸ਼ਅੰਜ਼,* ਸਧਾ. ਅੰਕ. ਫ਼੍ਰੈਂਕ ਈ. ਗੇਬਲੇਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੌਂਡਰਵਨ ਪਬਲਿਸ਼ਿੰਗ ਹਾਊਸ, 1976), 69.